5

# ''ਕਿਸੇ ਦਾ ਵਿਆਹ ਸੀ''

(2:1-11)

*ਹੇ ਪਿਤਾ ਸਾਡੀ ਦੁਆ ਹੈ ਕਿ ਇਸ ਵਚਨ ਦੇ ਰਾਹੀਂ ਸਾਨੂੰ ਤੇਰਾ ਜਲਾਲ ਉਵੇਂ ਹੀ ਮਿਲ ਸਕੇ ਜਿਵੇਂ ਤੇਰੇ ਬੇਟੇ ਯਿਸੂ ਮਸੀਹ ਤੇ ਵੇਖਣ ਨੂੰ ਮਿਲਦਾ ਹੈ। ਮੰਗਦੇ ਹਾਂ ਓਸੇ ਦੇ ਜਲਾਲੀ ਨਾਂਅ ਵਿਚ। ਆਮੀਨ।*

ਰਸਮਾਂ ਰਿਵਾਜ ਯਕੀਨਨ ਹੀ ਵਕਤ ਤੇ ਥਾਂ ਦੇ ਹਿਸਾਬ ਨਾਲ ਬਦਲਦੇ ਰਹਿੰਦੇ ਹਨ, ਪਰ ਉਨ੍ਹਾਂ ਵਿਚ ਸਭ ਤੋਂ ਵੱਧ ਦਬਾਅ ਵਿਆਹ ਨਾਲ ਜੁੜੀਆਂ ਰਸਮਾਂ ਦਾ ਹੈ। ਕਿਸੇ ਨਾ ਕਿਸੇ ਕਾਰਣ, ਇਨ੍ਹਾਂ ਤੋਂ ਚੰਗੇ-ਚੰਗੇ ਲੋਕ ਅਜੀਬ-ਗਰੀਬ ਹਾਲਤ ਵਿਚ ਪੈ ਜਾਂਦੇ ਹਨ। ਯੂਹੰਨਾ 2: 1-11 ਦਾ ਸਾਡਾ ਇਹ ਭਾਗ, ਯਿਸੂ ਦੇ ਇਕ ਵਿਆਹ ਵਿਚ ਜਾਣ ਬਾਰੇ ਦੱਸਦਾ ਹੈ ਜਿੱਥੇ, ਉਹ ਵੀ ਤਣਾਅ ਵਿਚ ਆ ਗਿਆ ਸੀ। ਇਸ ਘਟਨਾ ਵਿਚ ਇਹ ਵੇਖ ਕੇ ਕਿ ਉਸ ਨੇ ਕੀ ਕੀਤਾ, ਸਾਨੂੰ ਪਤਾ ਚਲਦਾ ਹੈ ਕਿ ਅਸਲ ਵਿਚ ਮਨੁੱਖ ਦਾ ਪੁੱਤਰ ਕੌਣ ਹੈ (1:51)।

## ਯਿਸੂ ਕਿਸੇ ਦੇ ਵਿਆਹ ਵਿਚ ਗਿਆ (2:1, 2)

ਯਿਸੂ ਦੀ ਮਾਤਾ ਨੂੰ ਵਿਆਹ ਦਾ ਸੱਦਾ ਮਿਲਿਆ ਸੀ। ਯਿਸੂ ਅਤੇ ਉਹਦੇ ਚੇਲੇ ਮਰੀਅਮ ਦੇ ਸੱਦੇ ਦੇ ਆਧਾਰ ਤੇ ਜਾਂ ਉਨ੍ਹਾਂ ਨੂੰ ਉਚੇਚੇ ਤੌਰ ਤੇ ਬੁਲਾਏ ਜਾਣ ਤੇ ਵਿਆਹ ਵਿਚ ਗਏ। ਇਹ ਵਿਆਹ ਗਲੀਲ ਦੇ ਕਾਨਾ ਨਾਮਕ ਇਕ ਪਿੰਡ ਵਿਚ ਸੀ। ਬਾਈਬਲ ਦੇ ਇਕ ਮਹਾਨ ਅਨੁਵਾਦਕ, ਜੇਰੋਮ (345-420 ਈ:) ਨੇ ਦਾਅਵਾ ਕੀਤਾ ਹੈ ਕਿ ਕਾਨਾ ਵਿਚ ਰਾਤ ਨੂੰ ਬਲਣ ਵਾਲੀਆਂ ਰੌਸ਼ਨੀਆਂ ਨਾਸਰਤ ਵਿਚ ਵਿਖਾਈ ਦਿੰਦੀਆਂ ਸਨ, ਜੋ ਇਸ ਗੱਲ ਦਾ ਸੰਕੇਤ ਹੈ ਕਿ ਇਹ ਯਿਸੂ ਦੇ ਬਚਪਨ ਦੇ ਘਰ ਦੇ ਨੇੜੇ ਹੀ ਸੀ।

ਪਹਿਲੀ ਸਦੀ ਦੇ ਯਹੂਦੀਆਂ ਦੇ ਵਿਆਹ ਦੇ ਰਿਵਾਜਾਂ ਬਾਰੇ ਤਾਂ ਕਾਫ਼ੀ ਕੁਝ ਪਤਾ ਲਗਦਾ ਹੈ, ਪਰ ਉਨ੍ਹਾਂ ਦੇ ਵਿਆਹਾਂ ਵਿਚ ਕੀ ਕੁਝ ਹੁੰਦਾ ਸੀ, ਇਸ ਦਾ ਵਿਸਥਾਰ ਵਿਚ ਪਤਾ ਨਹੀਂ ਚੱਲ ਪਾਇਆ ਹੈ। ਲਗਦਾ ਹੈ ਕਿ ਲਾੜੇ ਦੇ ਘਰ ਵਿਆਹ, ਲਾੜੀ ਦੇ ਆਉਣ ਤੋਂ ਬਹੁਤ ਪਹਿਲਾਂ ਹੀ ਸ਼ੁਰੂ ਹੋ ਜਾਂਦਾ ਸੀ। ਲਾੜੇ ਦੇ ਮਿੱਤਰ ਅਤੇ ਪਰਿਵਾਰ ਦੇ ਲੋਕ ਇਕੱਠੇ ਹੋ ਕੇ ਘਰ ਵਿਚ ਰੌਣਕ ਲਾ ਦਿੰਦੇ ਸਨ ਅਤੇ ਇਕੱਠੇ ਹੋ ਕੇ ਨਗਰ ਵਿਚ ਘੁੰਮਦੇ ਸਨ, ਕਈ ਵਾਰ ਤਾਂ ਘੁੰਮਦੇ-ਘੁੰਮਦੇ ਲਾੜੀ ਦੇ ਘਰ ਤਕ ਪੁੱਜ ਜਾਂਦੇ ਸਨ। ਉੱਥੇ ਵੀ ਵਿਆਹ ਦੀ ਹੀ ਰੌਣਕ ਲੱਗੀ ਹੁੰਦੀ ਸੀ। ਲਾੜੀ ਦੇ ਘਰ ਜਸ਼ਨ ਦੇ ਬਾਅਦ ਨਵਾਂ ਵਿਆਹਿਆ ਜੋੜਾ ਅਤੇ ਪੂਰੀ ਭੀੜ ਮਿਲ ਕੇ ਬਰਾਤ ਦੇ ਰੂਪ ਵਿਚ ਨਗਰ ਦੀਆਂ ਗਲੀਆਂ ਵਿਚ ਜਾਂਦੇ ਸਨ। ਇਸ ਵਾਰ ਉਹ ਲਾੜੇ ਦੇ ਘਰ ਪਹੁੰਚਦੇ ਸਨ, ਜਿੱਥੇ ਲਗਭਗ ਹਫ਼ਤਾ-ਹਫ਼ਤਾ ਜਸ਼ਨ ਚੱਲਦਾ ਸੀ। ਸੰਭਵ ਰੂਪ ਵਿਚ ਇਹ ਸਭ ਗੱਲਾਂ ਯੂਹੰਨਾ 2 ਅਧਿਆਇ ਦੇ ਇਸ ਵਿਆਹ ਵਿਚ ਵੀ ਸਨ, ਜਿਸ ਵਿਚ ਯਿਸੂ ਵੀ ਗਿਆ ਸੀ।

ਇਸ ਜਸ਼ਨ ਵਿਚ ਯਿਸੂ ਦਾ ਪੂਰਾ ਯੋਗਦਾਨ ਸੀ। ਇਹ ਖੁਸ਼ੀ ਦਾ ਸਮਾਂ ਸੀ, ਭਾਵ ਖੁਸ਼ੀ ਅਤੇ ਅਨੰਦ ਦਾ ਮੌਕਾ ਸੀ। ਇਸ ਹਕੀਕਤ ਦੇ ਨਾਲ ਇਹ ਸੱਚ ਨਾ ਭੁੱਲੋ ਕਿ ਯਿਸੂ ਵਿਆਹ ਵਿਚ ਸ਼ਾਮਿਲ ਹੋਣ ਹੀ ਆਇਆ ਸੀ! ਕੀ ਤੁਸੀਂ ਉਸ ਦੇ ਉੱਥੇ ਹੋਣ ਦੀ ਕਲਪਨਾ ਕਰ ਸਕਦੇ ਹੋ? ਕੀ ਤੁਸੀਂ ਦੂਜੇ ਪ੍ਰਾਹੁਣਿਆਂ ਨਾਲ ਗੱਲਾਂ ਕਰਦੇ ਹੋਏ ਉਸਨੂੰ ਹਲਕਾ-ਹਲਕਾ ਮੁਸਕਰਾਉਂਦੇ ਹੋਣ ਦੀ ਕਲਪਨਾ ਕਰ ਸਕਦੇ ਹੋ? ਸੰਖੇਪ ਵਿਚ, ਕੀ ਤੁਸੀਂ ਯਿਸੂ ਦੇ ਉੱਥੇ ਅਰਾਮ ਨਾਲ ਵਿਆਹ ਵੇਖਣ ਦੀ ਕਲਪਨਾ ਕਰ ਸਕਦੇ ਹੋ? ਕੀ ਤੁਹਾਡੀ ਕਲਪਨਾ ਮੁਤਾਬਕ ਯਿਸੂ ਨੂੰ ਅਨੰਦ ਆਇਆ? ਕੀ ਵਿਆਹ ਦੇ ਕਿਸੇ ਜਸ਼ਨ ਵਿਚ ਉਹ ਲੋਕਾਂ ਵਿਚ ਘੁਲ-ਮਿਲ ਜਾਂਦਾ ਸੀ? ਯਕੀਨਨ ਹੀ ਇਸ ਹਵਾਲੇ ਵਿਚ ਯਿਸੂ ਲੋਕਾਂ ਨਾਲ ਘੁਲ-ਮਿਲ ਗਿਆ! ਉਨ੍ਹੀਵੀਂ ਸਦੀ ਦੇ ਇਕ ਅੰਗ੍ਰੇਜ਼ ਪ੍ਰਚਾਰਕ, ਸੀ. ਐੱਚ. ਸਪਰਜਨ ਨੇ ਖ਼ੁਦਾਈ ਅਨੰਦ ਬਾਰੇ ਕਿਹਾ ਸੀ:

> ਚੰਚਲਤਾ ਹੋਰ ਉੱਪਰੀ ਨਹੀਂ, ਕਿਉਂਕਿ ਮਿਲਣਸਾਰ, ਧੰਨ ਮਨ ਵਾਲੀਆਂ ਆਤਮਾਵਾਂ ਜਿੱਤਣ ਵਾਲੇ ਹਰ ਵਿਅਕਤੀ ਦੇ ਹਾਸੇ ਦਾ ਮੈਂ ਕਾਇਲ ਹਾਂ। ਸਿਰਕੇ ਦੇ ਬਜਾਇ ਸ਼ਹਿਦ ਹੀ ਨਾਲ ਜ਼ਿਆਦਾ ਮੱਖੀਆਂ ਫੜ੍ਹੀਆਂ ਜਾ ਸਕਦੀਆਂ ਹਨ, ਅਤੇ ਨਰਕ [Tartarus] ਵਾਲੇ ਚਿਹਰੇ ਦੀ ਬਜਾਇ ਮੂੰਹ ਤੇ ਸੁਰਗ ਪਹਿਨਣ ਵਾਲਾ ਵਿਅਕਤੀ ਵਧੇਰੇ ਆਤਮਾਵਾਂ ਨੂੰ ਸੁਰਗ ਵੱਲ ਲਿਜਾ ਸਕਦਾ ਹੈ[1]।

ਵਿਲੀਅਮ ਬਾਰਕਲੇ ਨੇ ਟਿੱਪਣੀ ਕੀਤੀ ਸੀ, ''ਖੁਸ਼ ਹੋਣ ਨੂੰ ਯਿਸੂ ਨੇ ਕਦੇ ਗੁਨਾਹ ਨਹੀਂ ਮੰਨਿਆ। ਉਸਦੇ ਪੈਰੋਕਾਰ ਖੁਸ਼ ਹੋਣ ਨੂੰ ਅਪਰਾਧ ਕਿਉਂ ਮੰਨਣ?''[2]

ਮੇਰਾ ਮੰਨਣਾ ਹੈ ਕਿ ਯੂਹੰਨਾ ਚਾਹੁੰਦਾ ਸੀ ਕਿ ਅਸੀਂ ਖਿੜਕੀ ਵਿੱਚੋਂ ਵਿਆਹ ਦੀ ਪਾਰਟੀ ਵੱਲ ਝਾਕ ਕੇ ਵੇਖੀਏ ਕਿ ਯਿਸੂ ਕਿਵੇਂ ਖੁਸ਼ ਹੈ। ਉਸ ਨੇ ਬਹੁਤ ਕੰਮ ਕਰਨਾ ਸੀ, ਸੰਸਾਰ ਵਿਚ ਬੁਰਿਆਈ ਚੱਲ ਰਹੀ ਸੀ, ਅਤੇ ਰਾਹ ਵਿਚ ਸਲੀਬ ਉਸ ਦੀ ਉਡੀਕ ਕਰ ਰਹੀ ਸੀ। ਇਹ ਸਾਰੇ ਵਿਚਾਰ ਯਿਸੂ ਨੂੰ ਦੁਖੀ ਅਤੇ ਪਰੇਸ਼ਾਨ ਕਰਦੇ ਹੋਣਗੇ; ਪਰ ਮਨੁੱਖ ਦੇ ਪੁੱਤਰ ਨੇ ਪਾਰਟੀ ਦਾ ਅਨੰਦ ਲੈਣ, ਮਿੱਤਰਾਂ ਨੂੰ ਮਿਲਣ, ਲਾੜੇ-ਲਾੜੀ ਨੂੰ ਆਦਰ ਦੇਣ ਅਤੇ ਕਾਨਾ ਵਿਚ ਹੋਣ ਵਾਲੇ ਵਿਆਹ ਲਈ ਵਕਤ ਕੱਢਿਆ। ਬਿਨਾਂ ਅਨੰਦ ਦੇ ਯਿਸੂ ਦਾ ਕੋਈ ਵੀ ਵਿਚਾਰ ਅਧੂਰਾ ਹੈ।

## ਯਿਸੂ ਨੇ ਪਰਿਵਾਰ ਦੀ ਮਦਦ ਕੀਤੀ (2:3–5)

ਪਾਰਟੀ ਦੌਰਾਨ ਹੀ ''ਮੈ ਮੁੱਕ ਗਈ'' (2:3)। ਯਿਸੂ ਦੀ ਮਾਤਾ ਮਰੀਅਮ ਨੂੰ ਇਸ ਔਖੀ ਘੜੀ ਨੂੰ ਟਾਲਣ ਦਾ ਅਹਿਸਾਸ ਸੀ, ਉਸ ਨੇ ਆਪਣੇ ਬੇਟੇ ਨੂੰ ਕੁਝ ਕਰਨ ਨੂੰ ਕਿਹਾ। ਉਸ ਨੇ ਇਹ ਨਹੀਂ ਕਿਹਾ ਕਿ ਉਹ ਯਿਸੂ ਤੋਂ ਕੀ ਕਰਵਾਉਣਾ ਚਾਹੁੰਦੀ ਹੈ ਬਲਕਿ ਉਸਨੂੰ ਸਿਰਫ਼ ਇਹੀ ਕਿਹਾ, ''ਉਨ੍ਹਾਂ ਕੋਲ਼ ਮੈ ਨਾ ਰਹੀ'' (2:3)। ਇਸ ਤੇ ਯਿਸੂ ਦਾ ਜਵਾਬ ਸੀ, ''ਬੀਬੀ ਜੀ, ਮੈਨੂੰ ਤੈਨੂੰ ਕੀ? ਮੇਰਾ ਸਮਾਂ ਅਜੇ ਨਹੀਂ ਆਇਆ'' (2:4)। ਇਸ ਵਾਕ ਦਾ ਪੂਰਾ ਯੂਨਾਨੀ ਅਨੁਵਾਦ ਹੈ, ''ਮੈਨੂੰ ਕੀ ਅਤੇ ਤੈਨੂੰ ਕੀ?'' ਯਿਸੂ ਦੇ ਸ਼ਬਦਾਂ ਦਾ ਰੁੱਖਾਪਣ ਸਾਨੂੰ ਪਰੇਸ਼ਾਨ ਕਰ ਸਕਦਾ ਹੈ। ਉਹ ਐਨਾ ਮਨੁੱਖ ਵਿਖਾਈ ਦਿੰਦਾ ਹੈ ਕਿ ਸਾਨੂੰ ਤਸੱਲੀ ਨਹੀਂ ਦੇ ਸਕਦਾ। ਮੈਂ ਇਹ ਤਾਂ ਨਹੀਂ ਮੰਨਦਾ ਕਿ ਉਹ ਮਾਂ ਨਾਲ ਐਨਾ ਬੱਦਤਮੀਜ਼ ਜਾਂ ਖੁਸ਼ਕ ਹੋ ਸਕਦਾ ਹੈ, ਪਰ ਇਹ ਜ਼ਰੂਰ ਲਗਦਾ ਹੈ ਯਿਸੂ ਮਰੀਅਮ ਦੀ ਜ਼ਿਦ ਤੇ ਆਪਣੀ ਨਰਾਜ਼ਗੀ ਜ਼ਾਹਿਰ ਕਰ ਰਿਹਾ ਸੀ ਕਿ ਉਹ

ਅਜਿਹੀ ਸਥਿਤੀ ਵਿਚ ਸੀ ਜਿਸ ਨਾਲ ਉਸ ਦਾ ਵੱਡਾ ਮਿਸ਼ਨ ਉਲਝ ਸਕਦਾ ਸੀ।

ਸਾਡੇ ਲਈ ਯਿਸੂ ਨੂੰ ਮਨੁੱਖੀ ਪਰਿਵਾਰ ਨਾਲ ਜੁੜੇ ਤਣਾਅ ਅਤੇ ਗੁੱਸੇ ਨਾਲ ਪੇਸ਼ ਆਉਣਾ ਵੇਖਣਾ ਬੜੀ ਵੱਡੀ ਗੱਲ ਹੈ। ''ਦੇਹਧਾਰੀ'' ਹੋਣ ਦਾ ਉਸ ਦਾ ਇਕ ਭਾਗ ਇਹ ਸੀ ਕਿ ਉਹ ਇਕ ਪੁੱਤਰ ਅਤੇ ਭਾਈ ਦੇ ਰੂਪ ਵਿਚ ਰਿਹਾ। ਅਧਿਆਇ 7 ਵਿਚ ਤਾਂ ਅਸੀਂ ਸਕੇ ਭੈਣ ਭਰਾਵਾਂ ਦੀ ਲੜਾਈ ਵੀ ਵੇਖਦੇ ਹਾਂ, ਕਿਉਂਕਿ ਯਿਸੂ ਦੇ ਭਾਈ ਉਹਦੇ ਵਧਦੇ ਪ੍ਰਭਾਵ ਨਾਲ ਈਰਖਾ ਅਤੇ ਵੈਰ ਰੱਖਦੇ ਸਨ। ਆਪਣੀ ਮਾਂ ਨਾਲ ਮੁਸ਼ਕਿਲ ਦਾ ਹੱਲ ਅਤੇ ਭਾਈਆਂ ਦੇ ਬੁਰੇ ਸਲੂਕ ਨੂੰ ਸੁਣਦਿਆਂ ਯਿਸੂ ਨੂੰ ਵੇਖਣ ਤੇ ਸਾਨੂੰ ਉਸਦੀ ਤਸਵੀਰ ਹੋਰ ਵੀ ਸਪਸ਼ੱਟ ਵਿਖਾਈ ਦਿੰਦੀ ਹੈ, ਜੋ ਇਸ ਦੇ ਬਿਨਾਂ ਨਹੀਂ ਮਿਲ ਸਕਦੀ ਸੀ।

ਯਿਸੂ ਅਤੇ ਸਾਡੇ ਲਈ ਪਰਿਵਾਰ ਦੀ ਅਹਿਮੀਅਤ ਸਭ ਤੋਂ ਵੱਧ ਹੈ। ਇਸ ਦੇ ਨਾਲ ਹੀ, ਪਰਿਵਾਰ ਨਾਲ ਸਾਡੀ ਜ਼ਿੰਦਗੀ ਵਿਚ ਪਰੇਸ਼ਾਨੀਆਂ ਵੀ ਵਧ ਜਾਂਦੀਆਂ ਹਨ। ਪਰਿਵਾਰਕ ਰਿਸ਼ਤਿਆਂ ਵਿਚ ਬੜੇ ਝਮੇਲੇ ਹੁੰਦੇ ਹਨ, ਜਿਸ ਨਾਲ ਅਕਸਰ ਸਾਡੇ ਸਾਹਮਣੇ ਅਜਿਹੇ ਹਾਲਾਤ ਬਣ ਜਾਂਦੇ ਹਨ, ਜਿਨ੍ਹਾਂ ਦੇ ਜ਼ਿੰਮੇਵਾਰ ਅਸੀਂ ਨਹੀਂ ਹੁੰਦੇ। ਪਰਿਵਾਰ ਵਿਚ ਰਹਿ ਕੇ ਹੀ, ਸਾਨੂੰ ਸਭ ਤੋਂ ਵੱਡੇ ਅਨੰਦ ਅਤੇ ਤਕਲੀਫ਼ਾਂ ਮਿਲਦੀਆਂ ਹਨ। ਰਿਸ਼ਤੇ ਬੜੇ ਡੂੰਘੇ ਹੁੰਦੇ ਹਨ ਅਤੇ ਬੜੀ ਤੇਜ਼ੀ ਨਾਲ ਬਦਲਦੇ ਰਹਿੰਦੇ ਹਨ। ਜ਼ਿੰਦਗੀ ਦੀ ਸ਼ੁਰੂਆਤ ਮਾਂ-ਪਿਓ ਨੂੰ ਖੁਦਾ ਦੇ ਰੂਪ ਵਿਚ ਮੰਨ ਕੇ ਕਰਦੇ ਹਾਂ, ਜਿਨ੍ਹਾਂ ਨੂੰ ਸਭ ਕੁਝ ਪਤਾ ਹੁੰਦਾ ਹੈ। ਫਿਰ ਸਮਾਂ ਪੈਣ ਤੇ ਵੱਡੇ ਹੋਣ ਤੇ ਸਾਨੂੰ ਹੈਰਾਨੀ ਹੁੰਦੀ ਹੈ ਕਿ ਉਨ੍ਹਾਂ ਨੂੰ ਕੁਝ ਵੀ ਪਤਾ ਨਹੀਂ ਹੈ। ਇਕ ਵਕਤ ਅਜਿਹਾ ਆਉਂਦਾ ਹੈ ਜਦ ਅਸੀਂ ਫੇਰ ਉਨ੍ਹਾਂ ਦੀ ਸਮਝ ਤੋਂ ਪ੍ਰਭਾਵਿਤ ਹੁੰਦੇ ਹਾਂ। ਸਾਡੀ ਜ਼ਿੰਦਗੀ ਦਾ ਬਹੁਤਾ ਹਿੱਸਾ ਪੀੜ੍ਹੀਆਂ ਵਿਚ ਇਸ ਹੈਰਾਨਗੀ ਵਿਚ ਰਹਿੰਦਾ ਹੈ ਕਿ ਇਹ ਕਰਦੇ ਸਮੇਂ ਸਾਨੂੰ ਆਪਣੇ ਆਪ ਤੇ ਕਿੰਨਾ ਕੰਟਰੋਲ ਰੱਖਣਾ ਚਾਹੀਦਾ ਹੈ ਅਤੇ ਦੂਜਿਆਂ ਨੂੰ ਆਪਣੇ ਜੀਵਨ ਤੇ ਕਿੰਨਾ ਹੱਕ ਦੇਣਾ ਹੈ।

ਵਿਆਹ ਵਿਚ, ਇਕ ਪਰਿਵਾਰ ਦੇ ਉਲਝਣ ਭਰੀ ਹਾਲਤ ਵਿਚ ਉਸਨੂੰ ਵੱਖ-ਵੱਖ ਪਾਸਿਆਂ ਤੋਂ ਖਿੱਚਿਆ ਜਾ ਰਿਹਾ ਸੀ। ਅਸੀਂ ਉਸ ਨੂੰ ਆਪਣੀ ਮਾਂ ਲਈ ਪ੍ਰੇਮ ਅਤੇ ਆਦਰ ਅਤੇ ਦੂਜੇ ਪਾਸੇ ਆਪਣੇ ਫ਼ਰਜ਼ ਪ੍ਰਤੀ ਸਮਰਪਣ ਵਿਚ ਫ਼ਸਿਆ ਵੇਖਦੇ ਹਾਂ। ਉਹ ''ਚੰਗਾ'' ਅਤੇ ''ਬਹੁਤ ਚੰਗਾ'' ਦੋਹਾਂ ਵਿੱਚੋਂ ਇਕ ਨੂੰ ਚੁਣਨ ਦੀ ਵੱਡੀ ਉਲਝਣ ਵਿਚ ਸੀ। ਉਸ ਲਈ ਆਪਣੀ ਮਾਤਾ ਦੀਆਂ ਇੱਛਾਵਾਂ ਅਤੇ ਆਪਣੇ ਪਿਤਾ ਦੀ ਮਰਜ਼ੀ ਨੂੰ ਪੂਰਾ ਕਰਨ ਲਈ ਸਮਾਨਤਾ ਬਣਾਈ ਰੱਖਣਾ ਜ਼ਰੂਰੀ ਸੀ। ਇਕ ਪਤੀ ਜਾਂ ਮਾਤਾ-ਪਿਤਾ ਦੇ ਰੂਪ ਵਿਚ ਸਾਨੂੰ ਯਿਸੂ ਨੂੰ ਵੇਖਣ ਦਾ ਮੌਕਾ ਨਹੀਂ ਮਿਲਦਾ, ਪਰ ਅਸੀਂ ਉਸਨੂੰ ਇਕ ਕੰਮ ਕਾਜੀ ਪੁੱਤਰ ਦੇ ਰੂਪ ਵਿਚ ਵੇਖਦੇ ਹਾਂ ਜਿਹੜਾ ਪਰਿਵਾਰ ਦਾ ਇਕ ਹਿੱਸਾ ਹੋਣ ਕਰਕੇ ਉਸ ਤੇ ਆਉਣ ਵਾਲੇ ਹਰ ਹਾਲਾਤ ਦਾ ਹੱਲ ਕਰਦਾ ਸੀ। ਅਸੀਂ ਸੱਭ ਜੋ ਪਰਿਵਾਰ ਵਿਚ ਰਹਿੰਦੇ ਹਾਂ, ਉਸ ਦੇ ਲਈ ਸ਼ੁਕਰਗੁਜ਼ਾਰੀ ਕਰ ਸਕਦੇ ਹਾਂ!

## ਯਿਸੂ ਨੇ ਖੁਦਾ ਦਾ ਜਲਾਲ ਜ਼ਾਹਿਰ ਕੀਤਾ (2:6-11)

ਆਪਣੀ ਮਾਂ ਨੂੰ ਇਹ ਦੱਸਣ ਦੇ ਬਾਦ ਕਿ ਅਚੰਭੇ ਕੰਮ ਕਰਨ ਵਾਲੇ ਦੇ ਰੂਪ ਵਿਚ ਮਸ਼ਹੂਰ ਹੋਣ ਦਾ ਉਸਦਾ ਸਮਾਂ ਅਜੇ ਨਹੀਂ ਆਇਆ, ਯਿਸੂ ਨੇ ਵਿਆਹ ਵਿਚ ਸੇਵਾਦਾਰਾਂ ਵੱਲ ਮੂੰਹ ਕਰ ਕੇ ਕੋਲ ਪਏ ਛੇ ਪੱਥਰ ਦੇ ਮੱਟ ਭਰਨ ਲਈ ਕਿਹਾ। ਉਨ੍ਹਾਂ ਅਜਿਹਾ ਹੀ ਕੀਤਾ ਜਿਵੇਂ ਕਿਹਾ ਗਿਆ ਸੀ ਅਤੇ ਉਨ੍ਹਾਂ ਨੱਕੋ ਨੱਕ ਪਾਣੀ ਨਾਲ ਭਰ ਦਿੱਤਾ। ਫਿਰ ਉਸ ਨੇ ਸੇਵਕਾਂ ਨੂੰ ਉਨ੍ਹਾਂ ਵਿੱਚੋਂ

ਕੁਝ ਪਾਣੀ ਲੈ ਕੇ ਆਪਣੇ ਪ੍ਰਧਾਨ ਕੋਲੋਂ ਚਖਾਉਣ ਲਈ ਕਿਹਾ, ਉਸ ਨੇ ਵੇਖਿਆ ਕਿ ਉਹ ਤਾਂ ਸਚਮੁੱਚ ਮੈ ਬਣ ਚੁੱਕਿਆ ਸੀ! ਉਸਨੇ ਲਾੜੇ ਨੂੰ ਬੁਲਾ ਕੇ ਐਨੀ ਵਧੀਆ ਮੈ ਅਖ਼ੀਰ ਵਿਚ ਦੇਣ ਦਾ ਕਾਰਣ ਪੁੱਛਿਆ।

ਯੂਹੰਨਾ ਨੇ ਇਸ ਘਟਨਾ ਨੂੰ ਇਹ ਕਹਿ ਕੇ ਖ਼ਤਮ ਕੀਤਾ ਕਿ ''ਇਹ ਨਿਸ਼ਾਨਾਂ ਦਾ ਅਰੰਭ ਸੀ ਜਿਹੜਾ ਯਿਸੂ ਨੇ ਗਲੀਲ ਦੇ ਕਾਨਾ ਵਿਚ ਵਿਖਾ ਕੇ ਆਪਣਾ ਤੇਜ ਪਰਗਟ ਕੀਤਾ, ਅਰ ਉਹ ਦੇ ਚੇਲਿਆਂ ਨੇ ਉਸ ਉੱਤੇ ਨਿਹਚਾ ਕੀਤੀ'' (2:11)। ਯੂਹੰਨਾ ਲਈ ''ਨਿਸ਼ਾਨ'' ਇਕ ਅਹਿਮ ਸ਼ਬਦ ਸੀ। ਅਧਿਆਇ 2 ਤੋਂ 12 ਤਕ ਸੱਤ ਵੱਡੇ ਨਿਸ਼ਾਨਾਂ ਬਾਰੇ ਲਿਖਿਆ ਹੈ। ਇਹ ਸ਼ਬਦ ਯਿਸੂ ਵੱਲੋਂ ਕੀਤੇ ਗਏ ਸਮਰੱਥ ਦੇ ਕੰਮਾਂ, ਮੋਅਜਜ਼ਿਆਂ ਲਈ ਵਰਤਿਆ ਗਿਆ। ਪਰ ਨਿਸ਼ਾਨ ਦਾ ਅਰਥ ਮੋਅਜਜ਼ੇ ਨਾਲੋਂ ਕਿਤੇ ਵੱਧ ਹੈ ਭਾਵ ਇਹ ਅਜਿਹਾ ਮੋਅਜਜ਼ਾ ਹੈ ਜੋ ਲੋਕਾਂ ਦਾ ਧਿਆਨ ਉਸ ਮੋਅਜਜ਼ੇ ਦੇ ਕਰਨ ਵਾਲੇ ਭਾਵ ਖ਼ੁਦਾ ਦੇ ਆਪਣੇ ਪੁੱਤਰ ਯਿਸੂ ਵਿਚ ਕੰਮ ਕਰਨ ਵੱਲ ਇਸ਼ਾਰਾ ਕਰਦਾ ਹੈ। ਪਾਣੀ ਦੇ ਮੈ ਵਿਚ ਬਦਲਣ ਦੇ ਇਸ ਨਿਸ਼ਾਨ ਨਾਲ, ਯਿਸੂ ਨੇ ਇਹ ਵਿਖਾ ਕੇ ਕਿ ਖ਼ੁਦਾ ਸਚਮੁਚ ਉਸ ਦੇ ਨਾਲ ਸੀ, ''ਆਪਣੀ ਮਹਿਮਾ ਪਰਗਟ ਕੀਤੀ'' (2:11)। ਨਿਸ਼ਾਨ ਦੀ ਗਵਾਹੀ ਨੂੰ ਮੰਨਣ ਦਾ ਸਹੀ ਤਰੀਕਾ ਉਹੀ ਹੁੰਦਾ ਹੈ ਜੋ ਯਿਸੂ ਦੇ ਚੇਲਿਆਂ ਦਾ ਸੀ: ਉਨ੍ਹਾਂ ਵਿਸ਼ਵਾਸ ਕੀਤਾ। ਇੰਜੀਲ ਦੀ ਇਸ ਕਿਤਾਬ ਲਈ ਯੂਹੰਨਾ ਨੇ ਆਪਣਾ ਉਦੇਸ਼ ਲਿਖਦਿਆਂ ''ਨਿਸ਼ਾਨ'' ਅਤੇ ''ਨਿਹਚਾ'' ਦੋ ਮੁੱਖ ਸ਼ਬਦਾਂ ਦੀ ਵਰਤੋਂ ਕੀਤੀ।

> ਯਿਸੂ ਨੇ ਹੋਰ ਵੀ ਬਾਹਲੇ ਨਿਸ਼ਾਨ ਚੇਲਿਆਂ ਦੇ ਸਾਹਮਣੇ ਵਿਖਾਏ ਜੋ ਇਸ ਪੁਸਤਕ ਵਿਚ ਨਹੀਂ ਲਿਖੇ ਗਏ। ਪਰ ਇਹ ਇਸ ਲਈ ਲਿਖੇ ਗਏ ਹਨ ਭਈ ਤੁਸੀਂ *ਪਰਤੀਤ* ਕਰੋ ਕਿ ਯਿਸੂ ਜਿਹੜਾ ਹੈ ਉਹੋ ਮਸੀਹ ਪਰਮੇਸ਼ੁਰ ਦਾ ਪੁੱਤਰ ਹੈ, ਨਾਲੇ *ਪਰਤੀਤ* ਕਰ ਕੇ ਉਹ ਦੇ ਨਾਮ ਤੋਂ ਜੀਉਣ ਨੂੰ ਪ੍ਰਾਪਤ ਕਰੋ (20:30, 31)।

## ਸਾਰ

ਐਨੀ ਦਿਲਚਸਪ ਘਟਨਾ ਯਕੀਨਨ ਹੀ ਸਾਨੂੰ ਵਿਸ਼ਵਾਸ ਕਰਨ ਲਈ ਪੁਕਾਰਦੀ ਹੈ। ਨਿਸ਼ਾਨ ਤੋਂ ਪਤਾ ਲੱਗਾ ਕਿ ਯਿਸੂ ਉਹੀ ਸੀ ਜੋ ਹੋਣ ਦਾ ਉਸਨੇ ਦਾਅਵਾ ਕੀਤਾ ਸੀ। ਇਸ ਤੋਂ ਇਹ ਵੀ ਪਤਾ ਲਗਦਾ ਹੈ ਕਿ ਯਿਸੂ ਵਿਚ ਚੀਜ਼ਾਂ ਨੂੰ ਬਦਲਣ ਦੀ ਤਾਕਤ ਵੀ ਸੀ। ਇਸ ਕਹਾਣੀ ਵਿਚ ਪਾਣੀ ਮੈ ਬਣ ਗਿਆ, ਬਾਅਦ ਵਿਚ ਹਨੇਰੇ ਵਿਚ ਗੁਆਚੇ ਲੋਕ ਪਰਮੇਸ਼ੁਰ ਦੀ ਸੰਤਾਨ ਵਿਚ ਬਦਲ ਗਏ ਨਿਸ਼ਾਨਾਂ ਵਿੱਚੋਂ ਸਭ ਤੋਂ ਛੋਟਾ। ਬਾਅਦ ਵਿਚ, ਹੋਰ ਵਿਸ਼ਵਾਸ ਕਰਨ ਲਈ ਸਾਨੂੰ ਵੱਡੇ-ਵੱਡੇ ਨਿਸ਼ਾਨ ਵੇਖਣ ਨੂੰ ਮਿਲਣਗੇ। ਅਜੇ ਇਹੀ ਪੁੱਛਣਾ ਕਾਫ਼ੀ ਹੈ, ''ਕੀ ਤੁਸੀਂ ਨਿਸ਼ਾਨ ਵੇਖਿਆ ਹੈ? ਤੁਸੀਂ ਯਿਸੂ ਬਾਰੇ ਕੀ ਸੋਚਦੇ ਹੋ? ਕੀ ਤੁਸੀਂ ਵਿਸ਼ਵਾਸ ਵਿਚ ਵਧ ਰਹੇ ਹੋ? ਕੀ ਤੁਸੀਂ ਲੱਭਦੇ, ਸੁਣਦੇ, ਵੇਖਦੇ ਅਤੇ ਪਿੱਛੇ ਚੱਲਦੇ ਰਹੋਗੇ?''

---

ਟਿੱਪਣੀਆਂ

[1]ਸੀ. ਐੱਚ. ਸਪਰਜਨ, *ਲੈਕਚਜ਼ ਟੂ ਮਾਈ ਸਟੂਡੈਂਟਸ* (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ ਪਬਲਿਸ਼ਿੰਗ ਹਾਊਸ, 1970), 170. [2]ਵਿਲੀਅਮ ਬਾਰਕਲੇ, *ਦਿ ਗੌਸਪਲ ਆਫ਼ ਜੌਨ,* ਜਿਲਦ 1, ਦਿ ਡੇਅਲੀ ਬਾਈਬਲ ਸਟਡੀ ਸੀਰੀਜ਼, ਸੋਧਿਆ ਅੰਕ (ਫ਼ਿਲਾਡੈਲਫ਼ੀਆ: ਵੈਸਟ ਮਿੰਸਟਰ ਪ੍ਰੈੱਸ), 85.